Punjabi

# IDNYC ਅਰਜ਼ੀ
## 10-13 ਸਾਲ ਦੇ ਬਿਨੈਕਾਰਾਂ ਲਈ

**ਮੇਰਾ IDNYC ਨੰਬਰ ਹੈ:** ☐☐☐☐☐☐☐☐☐☐☐☐☐☐

ਕਿਰਪਾ ਕਰਕੇ ਸਾਫ਼-ਸਾਫ਼ ਅੰਗ੍ਰੇਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖੋ

### ਅਰਜ਼ੀ ਦੀ ਕਿਸਮ - ਇੱਕ ਚੁਣੋ

☐ **ਨਵਾਂ ਬਿਨੈਕਾਰ: ਇਹ ਮੇਰੀ ਪਹਿਲੀ IDNYC ਅਰਜ਼ੀ ਹੈ।**

☐ **ਮੁੜ ਅਰਜ਼ੀ ਦੇਣੀ: ਮੈਨੂੰ ਕੋਈ ਕਾਰਡ ਪ੍ਰਾਪਤ ਨਹੀਂ ਹੋਇਆ ਅਤੇ ਮੈਨੂੰ ਦੁਬਾਰਾ ਅਰਜ਼ੀ ਦੇਣ ਦੀ ਜ਼ਰੂਰਤ ਹੈ।**

☐ **ਨਵਿਆਉਣਾ**

☐ **ਕਾਰਡ ਅੱਪਡੇਟ ਕਰੋ: ਮੈਨੂੰ ਮੇਰੇ ਕਾਰਡ ਤੇ ਜਾਣਕਾਰੀ ਅੱਪਡੇਟ ਕਰਨ ਦੀ ਜ਼ਰੂਰਤ ਹੈ।** (IDNYC ਕਾਰਡ ਨੂੰ ਭਰਤੀ ਕੇਂਦਰ ਤੇ ਲਿਆਉਣਾ ਲਾਜ਼ਮੀ ਹੈ।)

☐ **ਕਾਰਡ ਬਦਲੋ: ਮੇਰਾ IDNYC ਕਾਰਡ ਗੁੰਮ/ਚੋਰੀ/ਖਰਾਬ/ਨਸ਼ਟ ਹੋ ਗਿਆ ਹੈ** ($10 ਬਦਲੀ ਫ਼ੀਸ ਹੈ ਜੇ ਬਿਨੈਕਾਰ ਮੁਸੀਬਤ ਵਿੱਚ ਛੋਟ ਲਈ ਦਸਤਖਤ ਨਹੀਂ ਕਰਦਾ ਹੈ। ਤੁਹਾਨੂੰ ਵਿਅਕਤੀਗਤ ਤੌਰ ਤੇ ਭੁਗਤਾਨ ਕਰਨਾ ਚਾਹੀਦਾ ਹੈ ਅਤੇ ਇਸ ਐਪਲੀਕੇਸ਼ਨ ਨੂੰ ਡਿਪਾਰਟਮੈਂਟ ਆਫ ਫਾਇਨਾਂਸ ਆਫਿਸ ਵਿੱਚ ਸਥਿਤ IDNYC ਦਾਖਲਾ ਕੇਂਦਰ ਵਿੱਚ ਜਮ੍ਹਾਂ ਕਰਾਉਣਾ ਚਾਹੀਦਾ ਹੈ। ਵਧੇਰੇ ਜਾਣਕਾਰੀ ਲਈ www.nyc.gov/idnyc 'ਤੇ ਜਾਓ।)

### ਬਿਨੈਕਾਰ ਦੀ ਜਾਣਕਾਰੀ

1. ਪਹਿਲਾ/ਦਿੱਤਾ ਨਾਮ: ______
2. ਨਾਮ ਦਾ ਵਿਚਕਾਰਲਾ ਹਿੱਸਾ ਜਾਂ ਸ਼ੁਰੂਆਤੀ ਅੱਖਰ: ______
3. ਅਖੀਰਲਾ ਨਾਮ: ______
4. ਜਨਮ ਤਾਰੀਖ: ਮ ਮ / ਦਿ ਦਿ / ਸਾ ਸਾ ਸਾ ਸਾ
5. ਅੱਖਾਂ ਦਾ ਰੰਗ: ਭੂਰਾ ☐ ਹਲਕਾ ਭੂਰਾ ☐ ਕਾਲਾ ☐ ਨੀਲਾ ☐ ਹਰਾ ☐ ਸਲੇਟੀ ☐ ਬਹੁ-ਰੰਗਾ ☐
6. ਕੱਦ: ☐ ਫੁੱਟ ☐☐ ਇੰਚ
7. ਲਿੰਗ: ਔਰਤ ☐ ਮਰਦ ☐ ਨਿਯਤ ਨਹੀਂ ☐
8. ਈਮੇਲ: ______
   ਤੁਹਾਡੀ ਈਮੇਲ/ਫੋਨ ਨੂੰ ਕੇਵਲ ਅੰਦਰੂਨੀ ਮੰਤਵਾਂ ਲਈ ਵਰਤਿਆ ਜਾਏਗਾ
9. ਫੋਨ: ☐☐☐ - ☐☐☐ - ☐☐☐☐
10. ਭਾਸ਼ਾ ਪ੍ਰਾਥਮਿਕਤਾ (ASL ਸਮੇਤ): ______

### ਪਤਾ

☐ ਜੇ ਤੁਸੀਂ **ਨਹੀਂ ਚਾਹੁੰਦੇ** ਕਿ ਕਾਰਡ 'ਤੇ ਪਤਾ ਦਿਖਾਈ ਦੇਵੇ ਤਾਂ ਇੱਥੇ ਸਹੀ ਲਗਾਓ ✓।

11. ਨੰਬਰ ਅਤੇ ਸੜਕ: ______ ਅਪਾਰਟਮੈਂਟ #/Fl. / Ste. / Unit/Rm. ______

ਸ਼ਹਿਰ: ______ ਰਾਜ: N Y ਜ਼ਿਪ ਕੋਡ: ______

ਬਰੋ (✓ ਇੱਕ ਤੇ ਸਹੀ ਲਗਾਓ): BRONX ☐ BROOKLYN ☐ MANHATTAN ☐ QUEENS ☐ STATEN ISLAND ☐

12. ਕਾਰਡ 'ਤੇ ਇਕ ਐਮਰਜੈਂਸੀ ਸੰਪਰਕ ਨਿਰਧਾਰਤ ਕਰੋ (ਲੋੜੀਂਦਾ):

______ ਫੋਨ: ☐☐☐ - ☐☐☐ - ☐☐☐☐

ਨਾਮ ਦਾ ਪਹਿਲਾ ਹਿੱਸਾ ਨਾਮ ਦਾ ਆਖਰੀ ਹਿੱਸਾ

### ਦੇਖਭਾਲਕਰਤਾ

13. ਪਹਿਲਾ/ਦਿੱਤਾ ਨਾਮ: ______
14. ਨਾਮ ਦਾ ਵਿਚਕਾਰਲਾ ਹਿੱਸਾ ਜਾਂ ਸ਼ੁਰੂਆਤੀ ਅੱਖਰ: ______
15. ਅਖੀਰਲਾ ਨਾਮ: ______
16. ਈਮੇਲ: ______
    ਤੁਹਾਡੀ ਈਮੇਲ/ਫੋਨ ਨੂੰ ਕੇਵਲ ਅੰਦਰੂਨੀ ਮੰਤਵਾਂ ਲਈ ਵਰਤਿਆ ਜਾਏਗਾ
17. ਫੋਨ: ☐☐☐ - ☐☐☐ - ☐☐☐☐

### ਮਾਤਾ/ਪਿਤਾ ਜਾਂ ਕਨੂੰਨੀ ਸਰਪ੍ਰਸਤ ਦਾ ਪ੍ਰਮਾਣੀਕਰਣ

**18 a.** ਮੈਂ ਇਹ ਪੁਸ਼ਟੀ ਕਰਦਾ ਹਾਂ ਕਿ ਮੈਂ ਬਿਨੈਕਾਰ ਦਾ ਮਾਤਾ ਜਾਂ ਪਿਤਾ ਜਾਂ ਕਾਨੂੰਨੀ ਸਰਪ੍ਰਸਤ ਹਾਂ; ਕਿ ਬਿਨੈਕਾਰ ਨਿਊ ਯਾਰਕ ਸ਼ਹਿਰ ਵਿੱਚ ਰਹਿੰਦਾ ਹੈ; ਅਤੇ ਜਮ੍ਹਾ ਕੀਤੇ ਗਏ ਸਾਰੇ ਦਸਤਾਵੇਜ਼ ਅਤੇ ਇਸ ਅਰਜ਼ੀ ਤੇ ਦਿੱਤੇ ਗਏ ਬਿਆਨ ਮੇਰੇ ਬਿਹਤਰੀਨ ਗਿਆਨ ਦੇ ਅਨੁਸਾਰ ਸੱਚੇ ਹਨ। ਮੈਂ ਤਸਦੀਕ ਕਰਦਾ ਹਾਂ ਕਿ ਇਸ ਅਰਜ਼ੀ ਤੇ ਦਸਤਖਤ ਕਰਕੇ ਜਮ੍ਹਾਂ ਕੀਤੀ ਜਾਣਕਾਰੀ ਦੀ ਪੁਸ਼ਟੀ ਜਾਂ ਤਸਦੀਕ ਕਰਨ ਲਈ ਨਿਊ ਯਾਰਕ ਸ਼ਹਿਰ ਦੁਆਰਾ ਸੰਚਾਲਿਤ ਜਾਂਚ-ਪੜਤਾਲ ਕਰਨ ਲਈ ਸਹਿਮਤ ਹਾਂ। ਮੈਂ ਸਮਝਦਾ/ਸਮਝਦੀ ਹਾਂ ਕਿ ਇਸ ਜਾਂਚ ਵਿੱਚ IDNYC ਦੁਆਰਾ ਜਨਤਕ ਸਹਾਇਤਾ ਦੀ ਜਾਣਕਾਰੀ ਸਮੇਤ ਬਿਨੈਕਰਤਾ ਅਤੇ/ਜਾਂ ਮੇਰੇ ਬਾਰੇ NYC ਡਿਪਾਰਟਮੈਂਟ ਆਫ ਸੋਸ਼ਲ ਸਰਵਿਸਿਜ਼ ਜਾਂ ਹੋਰ ਸਿਟੀ ਏਜੰਸੀਆਂ ਤੋਂ ਕੁਝ ਖਾਸ ਜਾਣਕਾਰੀ ਲਈ ਪਹੁੰਚ ਕਰ ਸਕਦਾ ਹੈ, ਪਰ ਇਹ ਇਸ ਤੱਕ ਹੀ ਸੀਮਿਤ ਨਹੀਂ ਹੈ।

______
ਮਾਤਾ/ਪਿਤਾ/ਕਾਨੂੰਨੀ ਸਰਪ੍ਰਸਤ ਦੇ ਦਸਤਖਤ

### ਦੇਖਭਾਲਕਰਤਾ ਦੀ ਤਸਦੀਕ ਜੇ ਬਿਨੈਕਾਰ ਦਾ ਮਾਪਾ ਜਾਂ ਕਾਨੂੰਨੀ ਸਰਪ੍ਰਸਤ ਨਹੀਂ ਹੈ

**18 b.** ਮੈਂ ਇਹ ਪੁਸ਼ਟੀ ਕਰਦਾ ਹਾਂ ਕਿ ਮੈਂ ਬਿਨੈਕਾਰ ਦਾ ਦੇਖਭਾਲਕਰਤਾ ਹਾਂ; ਕਿ ਬਿਨੈਕਾਰ ਨਿਊ ਯਾਰਕ ਸ਼ਹਿਰ ਵਿੱਚ ਰਹਿੰਦਾ ਹੈ; ਅਤੇ ਜਮ੍ਹਾ ਕੀਤੇ ਗਏ ਸਾਰੇ ਦਸਤਾਵੇਜ਼ ਅਤੇ ਇਸ ਅਰਜ਼ੀ ਤੇ ਦਿੱਤੇ ਗਏ ਬਿਆਨ ਮੇਰੇ ਬਿਹਤਰੀਨ ਗਿਆਨ ਦੇ ਅਨੁਸਾਰ ਸੱਚੇ ਹਨ। ਮੈਂ ਤਸਦੀਕ ਕਰਦਾ ਹਾਂ ਕਿ ਇਸ ਅਰਜ਼ੀ ਤੇ ਦਸਤਖਤ ਕਰਕੇ ਮੇਰੇ ਦੁਆਰਾ ਮੇਰੀ ਆਪਣੀ ਪਛਾਣ ਅਤੇ/ਜਾਂ ਰਹਾਇਸ਼ ਬਾਰੇ ਜਮ੍ਹਾਂ ਕੀਤੀ ਜਾਣਕਾਰੀ ਦੀ ਪੁਸ਼ਟੀ ਜਾਂ ਤਸਦੀਕ ਕਰਨ ਲਈ ਨਿਊ ਯਾਰਕ ਸ਼ਹਿਰ ਦੁਆਰਾ ਸੰਚਾਲਿਤ ਜਾਂਚ-ਪੜਤਾਲ ਕਰਨ ਲਈ ਸਹਿਮਤ ਹਾਂ। ਮੈਂ ਸਮਝਦਾ/ਸਮਝਦੀ ਹਾਂ ਕਿ ਇਸ ਜਾਂਚ ਵਿੱਚ IDNYC ਦੁਆਰਾ ਜਨਤਕ ਸਹਾਇਤਾ ਦੀ ਜਾਣਕਾਰੀ ਸਮੇਤ ਮੇਰੇ ਬਾਰੇ NYC ਡਿਪਾਰਟਮੈਂਟ ਆਫ ਸੋਸ਼ਲ ਸਰਵਿਸਿਜ਼ ਜਾਂ ਹੋਰ ਸਿਟੀ ਏਜੰਸੀਆਂ ਤੋਂ ਕੁਝ ਖਾਸ ਜਾਣਕਾਰੀ ਲਈ ਪਹੁੰਚ ਕਰ ਸਕਦਾ ਹੈ, ਪਰ ਇਹ ਇਸ ਤੱਕ ਹੀ ਸੀਮਿਤ ਨਹੀਂ ਹੈ।

______
ਦੇਖਭਾਲਕਰਤਾ ਦੇ ਦਸਤਖਤ

**ਐਪਲੀਕੇਸ਼ਨ ਦੀ ਪ੍ਰਵਾਨਗੀ ਦਰਖ਼ਾਸਤ ਕੀਤੇ ਦਸਤਾਵੇਜਾਂ ਦੇ ਦੁਖਵੇਂਪਣ ਅਤੇ ਪ੍ਰਮਾਣਿਕਤਾ ਤੇ ਨਿਰਭਰ ਕਰਦੀ ਹੈ।**

ਮ ਮ / ਦਿ ਦਿ / ਸਾ ਸਾ ਸਾ ਸਾ
**ਅੱਜ ਦੀ ਮਿਤੀ**

# IDNYC ਐਪਲੀਕੇਸ਼ਨ ਹਿਦਾਇਤਾਂ

## IDNYC ਕਾਰਡ ਵਾਸਤੇ ਦਰਖਾਸਤ ਦੇਣ ਲਈ ਤੁਹਾਨੂੰ ਹੇਠਾਂ ਦਿੱਤੀਆਂ ਸ਼ਰਤਾਂ ਜ਼ਰੂਰੀ ਪੂਰੀਆਂ ਕਰਨੀਆਂ ਚਾਹੀਦੀਆਂ ਹਨ:

1. ਦਸਤਾਵੇਜ਼ ਦੇ ਘੱਟੋ-ਘੱਟ 4 ਬਿੰਦੂ, ਪਛਾਣ ਨੂੰ ਸਿੱਧ ਕਰਨ ਲਈ ਘੱਟੋ-ਘੱਟ 3 ਬਿੰਦੂਆਂ ਅਤੇ ਰਿਹਾਇਸ਼ ਨੂੰ ਸਿੱਧ ਕਰਨ ਲਈ ਘੱਟੋ-ਘੱਟ 1 ਬਿੰਦੂ ਸਮੇਤ।
2. ਜਮ੍ਹਾਂ ਕੀਤੇ ਘੱਟੋ-ਘੱਟ 1 ਦਸਤਾਵੇਜ਼ਾਂ ਵਿੱਚ ਫੋਟੋ, ਹੋਣੀ ਲਾਜ਼ਮੀ ਹੈ, ਜੇ ਬਿਨੈਕਾਰ ਦੇਖਭਾਲਕਰਤਾ ਦੇ ਨਾਲ ਨਹੀਂ ਹੈ।
3. ਜਮ੍ਹਾਂ ਕੀਤੇ ਘੱਟੋ-ਘੱਟ 1 ਦਸਤਾਵੇਜ਼ਾਂ ਵਿੱਚ ਜਨਮ ਤਾਰੀਖ ਸ਼ਾਮਲ ਹੋਣਾ ਲਾਜ਼ਮੀ ਹੈ।

ਕੋਈ ਵੀ ਮਿਆਦ ਪੁੱਗੇ ਦਸਤਾਵੇਜ਼ ਉਦੋਂ ਤਕ ਸਵੀਕਾਰ ਨਹੀਂ ਕੀਤੇ ਜਾਣਗੇ ਜਦੋਂ ਤਕ ਉਨ੍ਹਾਂ ਦਾ IDNYC ਦਸਤਾਵੇਜ਼ ਗਾਈਡ ਵਿੱਚ ਵਿਸ਼ੇਸ਼ ਤੌਰ ਤੇ ਜ਼ਿਕਰ ਨਹੀਂ ਕੀਤਾ ਜਾਂਦਾ। ਕੇਵਲ ਅਸਲੀ ਦਸਤਾਵੇਜ਼ ਅਤੇ ਜਾਰੀ ਕਰਨ ਵਾਲੀਆਂ ਏਜੰਸੀਆਂ ਦੁਆਰਾ ਪ੍ਰਮਾਣਿਤ ਕੀਤੀਆਂ ਕਾਪੀਆਂ ਹੀ ਸਵੀਕਾਰ ਕੀਤੀਆਂ ਜਾਣਗੀਆਂ; ਲੈਮੀਨੇਟ ਕੀਤੇ ਦਸਤਾਵੇਜ਼ ਕੇਵਲ ਤਾਂ ਹੀ ਸਵੀਕਾਰ ਕੀਤੇ ਜਾਣਗੇ ਜੇ ਉਹ ਅਸਲ ਵਿੱਚ ਲੈਮੀਨੇਟ ਅਵਸਥਾ ਵਿੱਚ ਜਾਰੀ ਕੀਤੇ ਗਏ ਸਨ।

## ਨਾਮਾਂ ਦੀ ਇਕਸਾਰਤਾ

ਤੁਹਾਡੇ ਸਾਰੇ ਦਸਤਾਵੇਜ਼ਾਂ ਉੱਪਰਲੇ ਨਾਮ ਇੱਕ ਦੂਜੇ ਨਾਲ ਮਿਲਦੇ ਹੋਣੇ ਚਾਹੀਦੇ ਹਨ। ਤੁਹਾਡੀ IDNYC ਅਰਜ਼ੀ ਤੇ ਨਾਮ ਤੁਹਾਡੇ ਸਭ ਤੋਂ ਉੱਚ ਮੁੱਲ ਵਾਲੇ ਪਛਾਣ ਦੇ ਸਬੂਤ ਦੇ ਦਸਤਾਵੇਜ਼ (ਜਿਵੇਂ ਕਿ ਤੁਹਾਡਾ ਪਾਸਪੋਰਟ, ਡਰਾਈਵਰ ਲਾਇਸੰਸ, ਜਨਮ ਸਰਟੀਫਿਕੇਟ, ਦੂਤਾਵਾਸ ਆਈਡੀ, ਆਦਿ) ਨਾਲ ਮਿਲਦੇ ਹੋਣੇ ਚਾਹੀਦੇ ਹਨ ਜਦੋਂ ਤਕ ਤੁਸੀਂ ਅਦਾਲਤ ਦਾ ਆਦੇਸ਼, ਵਿਆਹ ਦਾ ਸਰਟੀਫਿਕੇਟ, ਜਾਂ ਸਰਕਾਰ ਦੁਆਰਾ ਜਾਰੀ ਕੀਤਾ ਕੋਈ ਹੋਰ ਦਸਤਾਵੇਜ਼ ਪੇਸ਼ ਨਹੀਂ ਕਰਦੇ ਜੋ ਕਨੂੰਨ ਤੌਰ ਤੇ ਨਾਮ ਵਿੱਚ ਤਬਦੀਲੀ ਨੂੰ ਸਥਾਪਿਤ ਕਰਦਾ ਹੋਵੇ।। ਉਸ ਮਾਮਲੇ ਵਿੱਚ ਜਦੋਂ ਬਿਨੈਕਾਰ ਪਛਾਣ ਦੇ ਉਨ੍ਹਾਂ ਦੇ ਦਸਤਾਵੇਜ਼ਾਂ ਨੂੰ ਪੇਸ਼ ਕਰਦਾ ਹੈ ਜਿਨ੍ਹਾਂ ਦੇ ਇਕੋ ਜਿੰਨੇ ਪਵਾਇੰਟ ਹੁੰਦੇ ਹਨ, ਤਾਂ IDNYC ਅਰਜ਼ੀ ਤੇ ਉਸ ਦਸਤਾਵੇਜ਼ ਦਾ ਨਾਮ ਦਿਖਾਉਣਾ ਲਾਜ਼ਮੀ ਹੈ ਜਿਸ ਵਿੱਚ ਫੋਟੋ ਹੁੰਦੀ ਹੈ।

## ਬਿਨੈਕਾਰਾਂ ਦੀ ਉਮਰ 10-13

IDNYC ਕਾਰਡ ਲਈ ਅਰਜ਼ੀ ਦੇਣ ਦੀ ਨਿਊਨਤਮ ਉਮਰ 10 ਸਾਲ ਹੈ। 10-13 ਸਾਲ ਦੇ ਸਾਰੇ ਬਿਨੈਕਾਰਾਂ ਨੂੰ ਇੱਕ ਦੇਖਭਾਲਕਰਤਾ ਨਾਲ ਅਰਜ਼ੀ ਦੇਣੀ ਚਾਹੀਦੀ ਹੈ ਜੋ ਅਰਜ਼ੀ 'ਤੇ ਹਸਤਾਖਰ ਕਰਦਾ ਹੈ। ਐਮਰਜੈਂਸੀ ਸੰਪਰਕ ਮੁਹੱਈਆ ਕਰਵਾਉਣਾ ਜ਼ਰੂਰੀ ਹੈ ਅਤੇ ਕਾਰਡ ਤੋਂ ਪਤਾ ਛੱਡ ਸਕਦਾ ਹੈ।

## ਬਿਨਾਂ ਫੋਟੋ ਪਛਾਣ ਜਾਂ ਰਿਹਾਇਸ਼ ਦੇ ਪ੍ਰਮਾਣ ਦੇ 14-21 ਸਾਲ ਦੇ ਬਿਨੈਕਾਰ

ਬਿਨਾਂ ਫੋਟੋ ਪਛਾਣ ਜਾਂ ਰਿਹਾਇਸ਼ ਦੇ ਪ੍ਰਮਾਣ ਦੇ 14-21 ਸਾਲ ਦਾ ਬਿਨੈਕਾਰ ਅਰਜ਼ੀ ਦੇ ਸਕਦਾ ਹੈ ਜੇ ਉਹ ਕਿਸੇ ਦੇਖਭਾਲਕਰਤਾ ਨੂੰ ਨਾਲ ਲਿਆਉਂਦਾ ਹੈ ਜੋ ਬਿਨੈਕਾਰ ਨਾਲ ਰਿਸ਼ਤੇ ਦਾ ਸਬੂਤ ਨੂੰ ਦਿਖਾ ਸਕਦਾ ਹੈ। ਇੱਕ ਯੋਗ ਦੇਖਭਾਲਕਰਤਾ ਹੈ ਜਨਮ ਦੇਣ ਵਾਲੇ ਮਾਪੇ, ਗੋਦ ਲੈਣ ਵਾਲੇ ਮਾਪੇ, ਸੌਤੇਲੇ ਮਾਪੇ, ਕਨੂੰਨੀ ਸਰਪ੍ਰਸਤ, ਕਨੂੰਨੀ ਨਿਗਰਾਨ, ਫੋਸਟਰ ਸੰਭਾਲ ਮਾਪੇ, ਬੱਚਿਆਂ ਦੀਆਂ ਸੇਵਾਵਾਂ ਲਈ NYC ਪ੍ਰਸਾਸ਼ਨ (NYC Administration for Children's Services, ACS) ਦਾ ਅਧਿਕ੍ਰਿਤ ਕਰਮਚਾਰੀ, ACS ਫੋਸਟਰ ਸੰਭਾਲ ਏਜੰਸੀ, ਜਾਂ ਯੂ.ਐਸ. ਸਿਹਤ ਅਤੇ ਮਾਨਵੀ ਸੇਵਾਵਾਂ ਵਿਭਾਗ (U.S. Department of Health and Human Services), ਸ਼ਰਨਾਰਥੀ ਰੀਸੈਟਲਮੈਂਟ ਦਫਤਰ (Office of Refugee Resettlement) ਦੁਆਰਾ ਨਿਯੁਕਤ ਨਾਬਾਲਗ ਦਾ ਬਾਲਗ ਸਪਾਂਸਰ।

## ਬਿਨਾਂ ਫੋਟੋ ਪਛਾਣ ਜਾਂ ਰਿਹਾਇਸ਼ ਦੇ ਪ੍ਰਮਾਣ ਦੇ ਅਪੰਗਤਾਵਾਂ ਵਾਲੇ ਬਿਨੈਕਾਰ

ਉਮਰ ਦੀ ਪਰਵਾਹ ਕੀਤੇ ਬਿਨਾਂ, ਅਪੰਗ ਵਿਅਕਤੀ ਜਿਸ ਕੋਲ ਫੋਟੋ ਪਛਾਣ ਜਾਂ ਰਿਹਾਇਸ਼ ਦਾ ਪ੍ਰਮਾਣ ਨਹੀਂ ਹੈ ਅਰਜ਼ੀ ਦੇ ਸਕਦਾ ਹੈ ਜੇ ਕਿਸੇ ਦੇਖਭਾਲਕਰਤਾ ਨੂੰ ਨਾਲ ਲਿਆਉਂਦਾ ਹੈ ਜੋ ਬਿਨੈਕਾਰ ਨਾਲ ਰਿਸ਼ਤੇ ਦਾ ਸਬੂਤ ਨੂੰ ਦਿਖਾ ਸਕਦਾ ਹੈ। ਕਿਸੇ ਵੀ ਉਮਰ ਦੇ ਬਿਨੈਕਾਰਾਂ ਲਈ ਯੋਗ ਦੇਖਭਾਲਕਰਤਾ ਹਨ: ਵਿਕਾਸਾਤਮਿਕ ਅਪੰਗਤਾਵਾਂ ਨਾਲ ਦੇ ਲੋਕਾਂ ਲਈ NY ਸਟੇਟ ਦਫਤਰ (NY State Office for People with Developmental Disabilities, OPWDD) **ਦੇ ਅਧਿਕਾਰਤ ਕਰਮਚਾਰੀ** ਸਿਹਤ ਦਾ NYS ਵਿਭਾਗ (NYS Department of Health, NYS DOH), ਨਿਊ ਯਾਰਕ ਸਟੇਟ ਆਫਿਸ ਆਫ ਮੈਂਟਲ ਹੈਲਥ (New York State Office of Mental Health, NYS OMH), ਸਿਹਤ ਅਤੇ ਦਿਮਾਗੀ ਹਾਈਜੀਨ ਦਾ NYS ਵਿਭਾਗ (NYC Department of Health and Mental Hygiene, NYC DOHMH), ACS, ਨਿਯੁਕਤ ACS ਫੋਸਟਰ ਸੰਭਾਲ ਏਜੰਸੀ ਜਾਂ OPWDD, NYS DOH ਜਾਂ NYC DOHMH ਪ੍ਰਦਾਤਾ, OPWDD, NYS OMH, NYS DOH ਜਾਂ NYC DOHMH ਦੁਆਰਾ ਸੰਚਾਲਿਤ ਜਾਂ ਫੰਡ ਪ੍ਰਦਾਨ ਕੀਤੀਆਂ **ਰਿਹਾਇਸ਼ੀ ਸੰਭਾਲ ਸੁਵਿਧਾਵਾਂ ਦੇ ਕਰਮਚਾਰੀਆਂ ਸਮੇਤ**; ਉਸ **ਬਿਨੈਕਾਰ ਦੇ ਸਹਿਵਾਸੀ** ਜਿਸ ਨੂੰ OPWDD ਦੁਆਰਾ ਵਿਕਾਸਾਤਮਿਕ ਅਯੋਗਤਾ ਵਾਲੇ ਵਿਅਕਤੀ ਵਜੋਂ ਪਛਾਣਿਆ ਗਿਆ ਹੈ; ਜਾਂ **ਬਿਨੈਕਾਰ ਦਾ ਸਮਾਜਿਕ ਸੁਰੱਖਿਆ ਪ੍ਰਤਿਨਿਧੀ ਪ੍ਰਾਪਤਕਰਤਾ।**

## ਦੇਖਭਾਲਕਰਤਾ ਨਾਲ ਅਰਜ਼ੀ ਦੇ ਰਹੇ ਸਾਰੇ ਬਿਨੈਕਾਰ

ਕਿਸੇ ਦੇਖਭਾਲਕਰਤਾ ਨਾਲ ਅਰਜ਼ੀ ਦੇ ਰਹੇ ਬਿਨੈਕਾਰ ਦਾ ਜਨਮ ਤਾਰੀਖ ਸਮੇਤ ਪਛਾਣ ਨੂੰ ਸਿੱਧ ਕਰਨ ਵਾਲੇ ਘੱਟੋ-ਘੱਟ 2 ਬਿੰਦੂਆਂ ਵਾਲੇ ਦਸਤਾਵੇਜ਼ਾਂ ਨੂੰ ਪ੍ਰਦਾਨ ਕਰਨਾ ਲਾਜ਼ਮੀ ਹੈ। ਬਿਨੈਕਾਰ ਅਤੇ ਦੇਖਭਾਲਕਰਤਾ ਦੁਆਰਾ IDNYC ਦਸਤਾਵੇਜ਼ ਗਾਈਡ ਦੇ ਦੇਖਭਾਲਕਰਤਾ ਸੈਕਸ਼ਨ ਵਿੱਚ ਸੂਚੀਬੱਧ ਅਨੁਸਾਰ ਦੇਖਭਾਲਕਰਤਾ ਦੇ ਰਿਸ਼ਤੇ ਦੇ ਪ੍ਰਮਾਣ ਪ੍ਰਦਾਨ ਕਰਨਾ ਲਾਜ਼ਮੀ ਹੈ। ਦੇਖਭਾਲਕਰਤਾ ਨੂੰ ਫੋਟੋ ਪਛਾਣ ਸਮੇਤ ਆਪਣੀ ਖੁਦ ਦੀ ਪਛਾਣ ਨੂੰ ਸਿੱਧ ਕਰਦੇ ਘੱਟੋ-ਘੱਟ 3 ਬਿੰਦੂਆਂ ਵਾਲੇ ਦਸਤਾਵੇਜ਼ਾਂ ਨੂੰ ਪ੍ਰਦਾਨ ਕਰਨਾ ਲਾਜ਼ਮੀ ਹੈ। ਜੇ ਬਿਨੈਕਾਰ ਕੋਲ ਰਿਹਾਇਸ਼ੀ ਦਸਤਾਵੇਜ਼ ਦੇ ਪ੍ਰਮਾਣ ਨਹੀਂ ਹੈ ਅਤੇ ਉਹ ਕਿਸੇ ਦੇਖਭਾਲਕਰਤਾ ਦੇ ਕੋਲ ਰਹਿੰਦਾ ਹੈ, ਤਾਂ ਦੇਖਭਾਲਕਰਤਾ IDNYC ਦਸਤਾਵੇਜ਼ ਗਾਈਡ ਵਿੱਚ ਸੂਚੀਬੱਧ ਰਿਹਾਇਸ਼ੀ ਦਸਤਾਵੇਜ਼ਾਂ ਵਿਚੋਂ ਇੱਕ ਦੀ ਵਰਤੋਂ ਕਰਕੇ ਆਪਣੇ ਖੁਦ ਦੇ ਰਿਹਾਇਸ਼ੀ ਪ੍ਰਮਾਣ ਨੂੰ ਸਥਾਪਿਤ ਕਰ ਸਕਦਾ ਹੈ। ਦੇਖਭਾਲਕਰਤਾ ਨੂੰ IDNYC ਅਰਜ਼ੀ 'ਤੇ ਦਸਤਖਤ ਜ਼ਰੂਰ ਕਰਨੇ ਚਾਹੀਦੇ ਹਨ। ਦੇਖਭਾਲ ਕਰਨ ਵਾਲਿਆਂ ਵਜੋਂ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਆਪਣੇ ਕਰਮਚਾਰੀ ਆਈਡੀ ਪੇਸ਼ ਕਰਨੇ ਚਾਹੀਦੇ ਹਨ।

## ਉਨ੍ਹਾਂ ਲੋਕਾਂ ਲਈ ਨਿਵਾਸ ਜੋ ਬੇਘਰ ਹਨ ਜਾਂ ਘਰੇਲੂ ਹਿੰਸਾ ਤੋਂ ਬਚੇ ਹਨ

ਉਹ ਸਾਰੇ ਬਿਨੈਕਾਰ ਜੋ ਬੇਘਰਾਂ ਲਈ ਸ਼ਰਨ ਵਿੱਚ ਰਹਿੰਦੇ ਹਨ ਸ਼ਰਨ ਦੇ ਪਤੇ ਨਾਲ ਪੱਤਰ ਦੇ ਸਕਦੇ ਹਨ, ਇਹ ਦੱਸਦੇ ਹੋਏ ਕਿ ਉਹ ਉੱਥੇ ਘੱਟੋ-ਘੱਟ 15 ਦਿਨਾਂ ਤੋਂ ਰਹਿ ਰਹੇ ਹਨ ਅਤੇ ਇਹ ਕਿ ਸ਼ਰਨ ਰਹਿਣ ਵਾਲਿਆਂ ਨੂੰ ਘੱਟੋ-ਘੱਟ 30 ਦਿਨ ਰਹਿਣ ਦੀ ਇਜਾਜ਼ਤ ਦਿੰਦੀ ਹੈ। ਪਨਾਹ ਦਾ ਪਤਾ ਕਾਰਡ 'ਤੇ ਦਿਖਾਈ ਦੇਵੇਗਾ। ਉਹ ਬਿਨੈਕਾਰ ਜਿਸ ਕੋਲ ਘਰ ਦਾ ਪਤਾ ਨਹੀਂ ਹੈ ਜਾਂ ਜੋ ਘਰੇਲੂ ਹਿੰਸਾ ਤੋਂ ਬਚਿਆ ਹੈ, ਉਸ ਨੂੰ ਨਿਊ ਯਾਰਕ ਸ਼ਹਿਰ ਵਿੱਚ ਰਹਿਣ ਨੂੰ ਸਿੱਧ ਕਰਨ ਦੀ ਲੋੜ ਹੁੰਦੀ ਹੈ, ਪਰ ਕਿਸੇ ਗੈਰ-ਮੁਨਾਫਾ ਸੰਸਥਾ ਜਾਂ ਧਾਰਮਿਕ ਸੰਸਥਾਨ ਨੂੰ ਨਿਯਤ ਕਰ ਸਕਦਾ ਹੈ ਜਿਸ ਦਾ ਪਤਾ ਕਾਰਡ ਉੱਪਰ ਬਿਨੈਕਾਰ ਦੇ ਕੇਅਰ-ਆਫ ਪਤੇ ਵਜੋਂ ਨਜ਼ਰ ਆਵੇਗਾਲ ਜਾਂ ਕਾਰਡ ਤੋਂ ਪਤਾ ਹਟਾ ਦਿਓ। ਉਹ IDNYC ਕਾਰਡ ਜਿਨ੍ਹਾਂ ਤੇ ਪਤਾ ਨਹੀਂ ਹੁੰਦਾ, ਜਾਂ ਜਿਨ੍ਹਾਂ ਤੇ ਕੇਅਰ-ਆਫ ਪਤਾ ਹੁੰਦਾ ਹੈ, ਕੁਝ ਪਰਿਸਥਿਤੀਆਂ ਵਿੱਚ ਉਨ੍ਹਾਂ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ ਹੈ।

ਕੋਈ ਬਿਨੈਕਾਰ ਜੋ ਸਬੂਤ ਪ੍ਰਦਾਨ ਕਰਦਾ ਹੈ ਕਿ ਉਹ NYS ਐਡਰੈੱਸ ਗੋਪਨੀਯਤਾ ਪ੍ਰੋਗਰਾਮ ਦਾ ਹਿੱਸਾ ਹੈ ਜਾਂ ਘਰੇਲੂ ਹਿੰਸਾ ਦੇ ਬਚਣ ਵਾਲਿਆਂ ਲਈ ਕਿਸੇ NYC ਪਨਾਹ ਵਿੱਚ ਰਹਿੰਦਾ ਹੈ, ਨੂੰ ਇਹ ਵੀ ਸਾਬਤ ਕਰਨਾ ਚਾਹੀਦਾ ਹੈ ਕਿ ਉਹ ਨਿਊਯਾਰਕ ਸਿਟੀ ਵਿੱਚ ਰਹਿੰਦਾ ਹੈ। ਉਹਨਾਂ ਦਾ IDNYC ਕਾਰਡ ਕੋਈ ਪੀ.ਓ. ਬਾਕਸ ਦਿਖਾ ਸਕਦਾ ਹੈ, ਜਾਂ ਕੋਈ ਵੀ ਪਤਾ ਨਹੀਂ ਦਿਖਾ ਸਕਦਾ।

## ਵੈਟਰਨ ਮਨੋਨੀਤ ਕਰਨਾ

ਜੇ ਤੁਹਾਨੂੰ ਆਪਣੀ ਮਿਲਟਰੀ ਸੇਵਾ ਦਾ ਪ੍ਰਮਾਣ ਲੈਣ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਵੈਟਰਨ ਸੇਵਾਵਾਂ ਦਾ NYC ਵਿਭਾਗ (Department of Veterans' Services) ਮਦਦ ਕਰ ਸਕਦਾ ਹੈ। ਤੁਸੀਂ ਉਨ੍ਹਾਂ ਕੋਲ www.nyc.gov/veterans ਤੇ ਜਾ ਕੇ, ਜਾਂ 311 ਤੇ ਕਾਲ ਕਰਕੇ ਪਹੁੰਚ ਸਕਦੇ ਹੋ।

## ਕਾਰਡਾਂ ਨੂੰ ਬਦਲਨਾ

ਗੁੰਮੇ, ਚੋਰੀ ਹੋਏ ਜਾਂ ਖਰਾਬ ਹੋਏ ਕਾਰਡ ਨੂੰ ਬਦਲਨ ਲਈ $10 ਦੀ ਫੀਸ ਹੈ ਜੇ ਬਿਨੈਕਾਰ ਜਦ ਤੱਕ ਕਿ ਵਿੱਤੀ ਮੁਸ਼ਕਲ ਦੀ ਛੋਟ ਨਹੀ ਦਿੱਤੀ ਜਾਂਦੀ।
ਤੁਹਾਨੂੰ ਵਿਅਕਤੀਗਤ ਤੌਰ ਤੇ ਭੁਗਤਾਨ ਕਰਨਾ ਚਾਹੀਦਾ ਹੈ ਅਤੇ ਆਪਣੀ ਬਦਲਦੀ ਦੀ ਐਪਲੀਕੇਸ਼ਨ ਫਾਇਨੈਂਸ਼ਿਅਲ ਏਨਰੋਲਮੈਂਟ ਸੈਂਟਰ ਦੇ IDNYC ਵਿਭਾਗ ਵਿੱਚ ਜਮ੍ਹਾਂ ਕਰਾਉਣੀ ਚਾਹੀਦੀ ਹੈ।

NYC
Bill de Blasio
ਮੇਅਰ